# ਬਾਬਾ ਮਹਾਂ ਹਰਨਾਮ ਸਿੰਘ ਜੀ
# (ਭੁੱਚੋ ਵਾਲੇ)

ਪੰਜਾਬ ਦੇ ਦੁਆਬੇ ਦੀ ਭਾਗਾਂ ਭਰੀ ਧਰਤੀ ਉੱਪਰ ਪਿੰਡ ਮਨਸੂਰਵਾਲ (ਜ਼ਿਲ੍ਹਾ ਕਪੂਰਥਲਾ) ਜੋ ਜਲੰਧਰ - ਅੰਮ੍ਰਿਤਸਰ ਰੇਲਵੇ ਲਾਇਨ, ਬਿਆਸ ਸਟੇਸ਼ਨ ਤੋਂ 8 ਕਿਲੋਮੀਟਰ ਦੂਰ ਹੈ, ਵਿਖੇ ਸੰਨ 1821 ਈ: ਨੂੰ ਬੱਲ ਗੋਤ ਦੇ ਜ਼ਿੰਮੀਦਾਰ ਘਰਾਣੇ ਵਿੱਚ ਪਿਤਾ ਬੂੜ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਪ੍ਰਧਾਨ ਕੌਰ ਜੀ ਦੀ ਪਵਿੱਤਰ ਕੁੱਖ ਤੋਂ ਇੱਕ ਚੰਨ ਜਿਹੇ ਸੋਹਣੇ ਬਾਲਕ ਨੇ ਜਨਮ ਲਿਆ। ਗੁਰਵਾਕ ਹੈ :-

*ਧੰਨੁ ਸੁ ਵੰਸੁ ਧੰਨੁ ਸੁ ਪਿਤਾ,*
*ਧੰਨੁ ਸੁ ਮਾਤਾ ਜਿਨਿ ਜਨ ਜਣੇ॥*
*ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ,*
*ਸੇ ਸਾਚੀ ਦਰਗਹ ਹਰਿ ਜਨ ਬਣੇ॥ (੧੧੩੫)*

ਅਨੁਸਾਰ ਨਾਮ ਰੰਗ ਵਿੱਚ ਰਤੇ ਇਲਾਹੀ ਤੇ ਨੂਰਾਨੀ ਚਿਹਰਾ ਤੱਕ ਕੇ, ਹਰ ਕੋਈ ਵਾਹਿਗੁਰੂ ਜੀ ਦੇ ਬਲਿਹਾਰ ਜਾਂਦਾ। ਮਾਤਾ ਪਿਤਾ ਨੇ ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਤੇ ਨਿਹਾਲਤਾ ਨੂੰ ਤੱਕ ਕੇ ਆਪ ਜੀ ਦਾ ਨਾਮ ਨਿਹਾਲ ਸਿੰਘ ਰੱਖ ਦਿੱਤਾ।

ਆਪ ਬਚਪਨ ਤੋਂ ਹੀ ਸ਼ਾਂਤ ਸੁਭਾਅ, ਉਦਾਰਚਿੱਤ, ਬੇਪਰਵਾਹ ਤੇ ਸੱਖੀ ਦਿਲ ਸਨ। ਮੋਹ-ਮਮਤਾ, ਲੋਭ-ਲਾਲਚ ਤੇ ਦੁਨਿਆਵੀ ਰਸਾਂ-ਕਸਾਂ ਤੋਂ ਮੁਕਤ ਵੈਰਾਗਮਈ ਜੀਵਨ ਬਤੀਤ ਕਰਨ ਵਾਲੇ ਮਸਤ ਕਿਸਮ ਦੇ ਬਾਲਕ ਸਨ। ਇਸੇ ਕਾਰਨ ਆਂਢ ਗੁਆਂਢ ਤੇ ਬਚਪਨ ਦੇ ਸਾਥੀ ਆਪ ਜੀ ਨੂੰ ਮਸਤਾਨਾ ਕਹਿ ਕੇ ਬੁਲਾਉਂਦੇ। ਕਈ ਵਾਰ ਪਿੰਡ ਦੇ ਬੁਜ਼ਰਗ ਵੀ ਆਪ ਜੀ ਨੂੰ ਇਸੇ ਨਾਮ ਨਾਲ ਹੀ ਬੁਲਾਉਂਦੇ ਸਨ, ਸਗੋਂ ਆਪਣੇ ਹੀ ਰੰਗ ਵਿੱਚ ਮਸਤ ਰਹਿੰਦੇ। ਗੁਰਬਾਣੀ ਦਾ ਵੀ ਅਜਿਹੇ ਰੰਗ ਰੱਤੇ ਮਹਾਂਪੁਰਸ਼ਾਂ ਬਾਰੇ ਫੁਰਮਾਨ ਹੈ :-

*ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥*
*ਹਉਂ ਹਰਿ ਬਿਨੁ ਅਵਰੁ ਨ ਜਾਨਾ॥੧॥ ਰਹਾਉ॥*

(ਪੰਨਾ ੯੯੧)

ਆਪ ਜੀ ਦਾ ਕਦੇ ਵੀ ਆਮ ਬੱਚਿਆਂ ਵਾਲੀਆਂ ਖੇਡਾਂ ਵੱਲ ਧਿਆਨ ਹੀ ਨਹੀਂ ਸੀ ਜਾਂਦਾ। ਹੱਸਣਾ, ਖੇਡਣਾ, ਕੁੱਦਣਾ ਤਾਂ ਦੂਰ ਦੀ ਗੱਲ ਆਪ ਬੋਲਦੇ ਵੀ ਬਹੁਤ ਘੱਟ ਸਨ। ਇਹੋ ਕਾਰਨ ਹੈ, ਆਪ ਜੀ ਦਾ ਮਨ ਸਕੂਲ ਦੀ ਆਮ ਪੜ੍ਹਾਈ ਵੱਲ ਵੀ ਨਾ ਲੱਗਾ ਤੇ ਨਾ ਹੀ ਘਰ ਦੇ ਕੰਮ ਕਾਰਜ ਅਤੇ ਖੇਤੀ ਵੱਲ। ਅੱਠੋ ਪਹਿਰ ਨਾਮ ਵਿੱਚ ਹੀ ਮਸਤ ਰਹਿੰਦੇ। ਮਾਤਾ ਪਿਤਾ ਨੇ ਬਥੇਰਾ ਜ਼ੋਰ ਲਾਇਆ ਕਿ ਦੁਨਿਆਵੀ ਪੜ੍ਹਾਈ ਪੜ੍ਹ ਲਵੇ ਜਾਂ ਫਿਰ ਪਿੰਡ ਦਾ ਚੰਗਾ ਜ਼ਿੰਮੀਦਾਰ ਬਨਣ ਲਈ ਖੇਤੀ ਦੇ ਕੰਮ ਅਤੇ ਪਸ਼ੂਆਂ ਦੀ ਸਾਂਭ ਸੰਭਾਲ ਵੱਲ ਧਿਆਨ ਦੇਵੇ। ਪਰ ਧੁਰੋਂ ਇਲਾਹੀ ਰੰਗ ਵਿੱਚ ਰੰਗੇ, ਪ੍ਰਮਾਰਥੀ ਕਾਰਜ ਕਰਨ ਵਾਲਿਆ ਉੱਪਰ ਅਜਿਹਾ ਅਸਰ ਨਹੀਂ ਹੁੰਦਾ। ਫਿਰ ਵੀ ਮਾਤਾ ਪਿਤਾ ਦੇ ਜ਼ੋਰ ਦੇਣ ਤੇ ਆਪਣੇ ਵੱਡੇ ਭਰਾਵਾਂ ਬਾਗਾ ਸਿੰਘ, ਦਸੌਂਦਾ ਸਿੰਘ ਤੇ ਨਿਧਾਨ ਸਿੰਘ ਨਾਲ ਕਦੇ ਕਦੇ ਖੇਤੀ ਬਾੜੀ ਦੇ ਕੰਮਾਂ ਉੱਪਰ ਜਾਂ ਫਿਰ ਪਸ਼ੂ ਆਦਿ ਚਾਰਨ ਦਾ ਕੰਮ ਕਰਨ ਖੇਤਾਂ ਵੱਲ ਚਲੇ ਜਾਂਦੇ। ਇਹ ਕੰਮ ਕਰਦਿਆਂ ਆਪ ਜੀ ਦਾ ਧਿਆਨ ਭਗਤ ਧੰਨੇ ਵਾਂਗ ਪ੍ਰਭੂ ਦੇ ਚਰਨਾ ਵੱਲ ਹੀ ਰਹਿੰਦਾ - ਜਿਸ ਤਰ੍ਹਾਂ ਭਗਤ ਕਬੀਰ ਜੀ ਦੇ ਸ਼ਲੋਕਾਂ ਵਿੱਚ ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਦੀ ਵਾਰਤਾਲਾਪ ਇਉਂ ਦਰਜ ਹੈ -

*"ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥੨੧੨॥*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤ ਨਿਰੰਜਨ ਨਾਲਿ॥੨੧੩॥*

ਅੱਜ ਇਹੋ ਅਵਸਥਾ ਬਾਲਕ ਨਿਹਾਲ ਸਿੰਘ ਦੀ ਬਣੀ ਹੋਈ ਸੀ। ਕਈ ਵਾਰ ਤਾਂ ਆਪ ਪ੍ਰਭੂ ਭਗਤੀ ਵਿੱਚ ਇੰਨਾ ਮਗਨ ਹੁੰਦੇ ਕਿ ਆਪਣੇ ਆਪ ਦੀ ਖ਼ਬਰ ਵੀ ਭੁੱਲ ਜਾਂਦੇ। ਨਾਲ ਦੇ ਸਾਥੀ ਜਾਂ ਭਰਾ ਆਦਿ ਹੀ ਪਸ਼ੂਆਂ ਤੇ ਆਪ

ਜੀ ਨੂੰ ਲੱਭ ਕੇ ਲਿਆਉਂਦੇ। ਗੁਰਬਾਣੀ ਅੰਦਰ ਅਜਿਹੇ ਮਹਾਂਪੁਰਸ਼ਾਂ ਵੱਲ ਹੀ ਅਜਿਹੇ ਫੁਰਮਾਨ ਮਿਲਦੇ ਹਨ –

***ਆਠ ਪਹਰ ਹਰਿ ਕਾ ਨਾਮੁ ਲੇਇ॥***
***ਸਚੁ ਉਪਦੇਸੁ ਸੇਵਕ ਕਉ ਦੇਇ॥***
***ਮੋਹ ਮਾਇਆ ਕੈ ਸੰਗਿ ਨ ਲੇਪੁ॥***
***ਮਨ ਮਹਿ ਰਾਖੈ ਹਰਿ ਹਰਿ ਏਕੁ॥ (੨੮੭)***
***ਜਿਨ੍ਾ ਸਾਸਿ ਗਿਰਾਸਿ ਨ ਵਿਸਰੈ,***
***ਹਰਿ ਨਾਮਾ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ,***
***ਪੂਰਨੁ ਸੋਈ ਸੰਤੁ॥*** (੩੧੯)

ਇੱਕ ਦਿਨ ਘਰ ਵਿਖੇ ਕੋਈ ਮਹਾਂਪੁਰਸ਼ ਆਏ ਤੇ, ਇਨ੍ਹਾਂ ਨੂੰ ਛੋਟੀ ਉਮਰੇ ਚੌਂਕੜੀ ਮਾਰ ਕੇ ਮਸਤ ਬੈਠਿਆਂ ਤੱਕ ਕੇ ਹੈਰਾਨ ਰਹਿ ਗਏ। ਵਾਰ ਵਾਰ ਇਨ੍ਹਾਂ ਵੱਲ ਦੇਖਦੇ ਰਹੇ। ਫਿਰ ਆਪ ਜੀ ਦੀ ਮਾਤਾ ਜੀ ਨੂੰ ਮੁਖ਼ਾਤਬ (ਸਾਹਮਣੇ) ਹੋ ਕੇ ਕਹਿਣ ਲੱਗੇ, "ਬੀਬਾ, ਇਹ ਤਾਂ ਅੱਠੇ ਪਹਿਰ ਨਾਮ ਦੇ ਰੰਗ ਵਿੱਚ ਰੰਗੇ ਰਹਿਣ ਵਾਲੇ ਕੋਈ ਮਹਾਂਪੁਰਸ਼ ਹਨ। ਲੱਖਾਂ ਹੀ ਵਿਅਕਤੀਆਂ ਦਾ ਇਨ੍ਹਾਂ ਦੇ ਹੱਥੋਂ ਉਧਾਰ ਹੋਵੇਗਾ। ਦੁਨੀਆਂ ਇਸ ਦੇ ਪੈਰ ਪੂਜੇਗੀ।" ਮਾਤਾ ਜੀ ਨੇ ਕਿਹਾ ਕਿ "ਸਾਡੇ ਭਾਣੇ ਤਾਂ ਇਹ ਸਿੱਧਾ ਸਾਧਾ ਆਮ ਬਾਲਕ ਹੈ ਜਿਸ ਨੂੰ ਦੁਨੀਆਂ ਦੀ ਸਾਰ ਨਾ ਹੋਣ ਕਰਕੇ, ਅਸੀਂ ਚਿੰਤਾ ਵਿੱਚ ਰਹਿੰਦੇ ਹਾਂ ਕਿ ਇਸ ਦਾ ਕੀ ਬਣੇਗਾ ?" ਇਸ ਤੇ ਮਹਾਂਪੁਰਸ਼ਾਂ ਨੇ ਹੱਸ ਕੇ ਕਿਹਾ "ਮਾਤਾ ਜੀ, ਇਹ ਮਹਾਨ ਸੰਤ ਹਨ, ਤੁਸੀਂ ਇਨ੍ਹਾਂ ਦਾ ਫਿਕਰ ਨਾ ਕਰੋ। ਅਕਾਲ ਪੁਰਖ ਸਦਾ ਇਨ੍ਹਾਂ ਦੇ ਅੰਗ ਸੰਗ ਹੈ।"

***"ਸੰਤਨ ਕੀ ਮਹਿਮਾ ਕਵਨ ਵਖਾਨਉ॥***
***ਅਗਾਧਿ ਬੋਧਿ ਕਿਛੁ ਮਿਤਿ ਨਹੀਂ ਜਾਨਉ॥ (੧੮੧)***
***"ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ॥***
***ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ॥੧॥***

(੨੫੦)

ਸੋ ਇਹ ਬਾਲਕ ਸਿੱਧਾ ਸਾਦਾ ਨਹੀਂ, ਜਗ ਤਾਰਕ ਹੈ।

ਆਪ ਹਮੇਸ਼ਾ ਖੁਸ਼ੀ-ਗਮੀ, ਸਰਦੀ-ਗਰਮੀ, ਸੁੱਖ-ਦੁੱਖ, ਨੀਂਦ ਭੁੱਖ ਤੋਂ ਸਦਾ ਅਤੀਤ ਰਹਿੰਦੇ। ਸਦਾ ਇੱਕ ਰੰਗ ਵਿੱਚ ਹੀ ਦਿਖਾਈ ਦਿੰਦੇ।

***ਰੈਣਿ ਦਿਨਸੁ ਰਹੈ ਇੱਕ ਰੰਗਾ॥***
***ਪ੍ਰਭ ਕਉ ਜਾਣੈ ਸਦ ਹੀ ਸੰਗਾ॥ (੧੮੧)***
***ਆਠ ਪਹਿਰ ਨਿਕਟਿ ਕਰਿ ਜਾਨੈ॥***
***ਪ੍ਰਭ ਕਾ ਕੀਆ ਮੀਠਾ ਮਾਨੈ॥ (੩੯੨)***
***ਨ ਤਿਸ ਭੁਖ ਨ ਨੀਦ ਨ ਖਾਣਾ ਸੋਵਣਾ॥***

ਆਪ ਜੀ ਦੀ ਅਜਿਹੀ ਅਵਸਥਾ ਨੂੰ ਤੱਕ ਕੇ ਹੀ ਮਾਤਾ ਜੀ ਬਾਕੀ ਪੁੱਤਰਾਂ ਨਾਲੋਂ ਆਪ ਜੀ ਵੱਲ ਵਧੇਰੇ ਧਿਆਨ ਦਿੰਦੇ। ਹੱਥੀਂ ਖਵਾਉਂਦੇ ਤੇ ਨਹਾਉਂਦੇ। ਕਈ ਵਾਰ ਘਰ ਆਏ ਮਹਾਂ ਪੁਰਸ਼ਾਂ ਦੇ ਬਚਨਾਂ ਨੂੰ ਚਿਤਵ ਕੇ ਖੁਸ਼ ਵੀ ਹੁੰਦੇ ਤੇ ਕਈ ਵਾਰ ਇਨ੍ਹਾਂ ਦੀ ਮਸਤ ਚਾਲ ਤੱਕ ਕੇ ਉਦਾਸ ਵੀ ਹੋ ਜਾਂਦੇ।

ਇੱਕ ਵਾਰ ਗਵਾਂਢਣ ਆਪਣੇ ਬੱਚੇ ਨੂੰ ਲੈ ਕੇ ਇਨ੍ਹਾਂ ਦੇ ਘਰ ਆਈ ਤੇ ਮਾਤਾ ਪ੍ਰਧਾਨ ਕੌਰ ਨੂੰ ਕਹਿਣ ਲੱਗੀ, "ਮੈਂ ਅਜੇ ਘਰ ਦਾ ਸਾਰਾ ਕੰਮ ਕਾਜ ਕਰਨਾ ਹੈ, ਸੋ ਥੋੜਾ ਚਿਰ ਮੇਰੇ ਬੱਚੇ ਨੂੰ ਹੀ ਰੱਖ ਲੈ।" ਇਸ ਤੇ ਮਾਤਾ ਜੀ ਨੇ ਇਨ੍ਹਾਂ ਨੂੰ ਕਿਹਾ ਕਿ, ਇਸ ਬੱਚੇ ਨੂੰ ਕੁਝਚਿਰ ਲਈ ਤੂੰ ਚੁੱਕ ਲੈ ਇਨ੍ਹਾਂ ਨੂੰ ਕੰਮ ਕਰ ਲੈਣ ਦੇ। ਵਾਰ ਵਾਰ ਕਹਿਣ ਤੇ ਭੀ ਆਪ ਜੀ ਨੇ ਬੱਚੇ ਨੂੰ ਨਾ ਚੁੱਕਿਆ। ਫਿਰ ਜਦੋਂ ਮਾਤਾ ਜੀ ਨੇ ਗੁੱਸੇ ਵਿੱਚ ਆ ਕੇ ਚੁੱਕਣ ਲਈ ਕਿਹਾ ਤਾਂ ਆਪ ਜੀ ਨੇ ਕਿਹਾ, "ਇਸ ਨੂੰ ਤਾਂ ਰੱਬ ਹੀ ਚੁੱਕੇਗਾ।" ਕਹਿੰਦੇ ਨੇ ਕਿ ਸਮਾਂ ਪਾ ਕੇ ਉਹ ਬੱਚਾ ਰੱਬ ਨੂੰ ਪਿਆਰਾ ਹੋ ਗਿਆ। ਜਿਸ ਤੇ ਆਪ ਜੀ ਦੀ ਮਾਤਾ ਬਹੁਤ ਹੀ ਗੁੱਸੇ ਹੋਈ ਤੇ ਕਹਿਣ ਲੱਗੀ, "ਤੈਨੂੰ ਇਹ ਨਹੀਂ ਸੀ ਕਹਿਣਾ ਚਾਹੀਦਾ।" ਮਾਤਾ ਜੀ ਦੇ ਗੁੱਸੇ ਨੂੰ ਤੱਕ ਕੇ ਆਪ ਜੀ ਹੱਸ ਪਏ ਅਤੇ ਕਹਿਣ ਲੱਗੇ ਕਿ, "ਮਾਤਾ ਜੀ ਗੁੱਸੇ ਦੀ ਜ਼ਰੂਰਤ ਨਹੀਂ, ਜਲਦੀ

ਹੀ ਇਹ ਇਨ੍ਹਾਂ ਦੇ ਘਰ ਵਾਪਸ ਆ ਜਾਵੇਗਾ।"

ਬਚਪਨ ਤੋਂ ਹੀ ਆਪ ਜੀ ਦੇ ਬੋਲ ਤੇ ਭਵਿੱਖ ਬਾਣੀ ਸੱਚੀਆਂ ਹੋਣ ਲੱਗੀਆਂ।

***"ਨਾਨਕੁ ਦਾਸੁ ਮੁਖ ਤੇ ਜੋ ਬੋਲੈ,***
***ਈਹਾ ਊਹਾ ਸਚੁ ਹੋਵੈ॥***

(੬੮੧-੮੨)

***ਜੋ ਜੋ ਚਿਤਵੈ ਦਾਸੁ ਹਰਿ ਮਾਈ॥***
***ਸੋ ਸੋ ਕਰਤਾ ਆਪਿ ਕਰਾਈ॥***

(੨੦੨)

ਹੁਣ ਆਪ ਜੀ 11 ਸਾਲ ਦੇ ਹੋ ਗਏ ਸਨ। ਪਿੰਡ ਵਿੱਚ ਅਜੇ ਵੀ ਕਈ ਆਪ ਜੀ ਨੂੰ ਮਸਤਾਨਾ ਹੀ ਕਹਿੰਦੇ ਤੇ ਕੋਈ ਮਹਾਂ ਪੁਰਸ਼ ਸਮਝਦਾ, ਪਰ ਆਪ ਜੀ ਤਾਂ ਸਦਾ ਮਾਨ-ਅਪਮਾਨ, ਹਰਖ ਸੋਗ, ਖੁਸ਼ੀ ਗਮੀ ਤੋਂ ਉੱਪਰ ਉੱਠ ਚੁੱਕੇ ਸਨ। ਇਸ ਲਈ ਕੋਈ ਕਿਸੇ ਵੀ ਨਾਮ ਨਾਲ ਪੁਕਾਰਦਾ ਆਪ ਝੱਟ ਉਸੇ ਹੀ ਨਾਮ ਤੇ ਬੋਲ ਉੱਠਦੇ। ਆਪ ਜੀ ਤਾਂ ਪ੍ਰਭੂ ਦੇ ਚਰਨ ਕਮਲ ਦੀ ਮੌਜ ਵਿੱਚ ਸਮਾਏ ਰਹਿੰਦੇ।

ਇੱਕ ਦਿਨ ਆਪ ਜੀ ਨੇ ਮਾਤਾ ਨੂੰ ਕਿਹਾ ਕਿ "ਅਸੀਂ ਹੁਣ ਜਾਣਾ ਹੈ", ਮਾਤਾ ਨੇ ਸੋਚਿਆ ਕਿ ਪਹਿਲਾਂ ਵਾਂਗ ਹੀ ਕਿਧਰੇ ਜਾਣਾ ਹੋਵੇਗਾ ਤੇ ਫਿਰ ਆ ਜਾਵੇਗਾ। ਇਸ ਲਈ ਜਾਣ ਦੀ ਆਗਿਆ ਦੇ ਦਿੱਤੀ। ਮਹਾਂਪੁਰਸ਼ਾਂ ਦੀ ਮਨੋ ਅਵਸਥਾ ਤੇ ਅੰਤ੍ਰਵੀ ਭਾਵ ਨੂੰ ਕੌਣ ਜਾਣ ਸਕਦਾ ਹੈ ? ਬੱਸ ਮਾਤਾ ਜੀ ਪਾਸੋਂ ਆਗਿਆ ਪਾ ਕੇ ਘਰ ਨੂੰ ਸਦਾ ਲਈ ਤਿਆਗ ਕੇ ਤੁਰ ਪਏ। ਪ੍ਰਮਾਰਥ ਦੇ ਮਾਰਗ ਉੱਪਰ ਚਲਦੇ ਚਲਦੇ ਸੰਤ ਰਾਮ ਸਿੰਘ ਜੀ ਢਿਲਵਾਂ ਵਾਲਿਆਂ ਦੇ ਡੇਰੇ ਪਹੁੰਚ ਗਏ। ਇੱਥੇ ਰਹਿ ਕੇ ਆਪ ਜੀ ਨੇ ਗੁਰਬਾਣੀ ਦੀ ਸੰਥਿਆ ਲਈ। ਗੁਰਮਤਿ ਅਤੇ ਭਗਤੀ ਦੇ ਗੁਹਜ਼ ਭੇਦ ਸਮਝੇ। ਪ੍ਰਮਾਰਥ ਨੂੰ ਹੋਰ ਪ੍ਰਪੱਕ ਕੀਤਾ। ਕਈ ਸਾਲ ਇੱਥੇ ਰਹਿੰਦਿਆਂ ਆਪ ਜੀ ਗੁਰਮਤਿ, ਵੇਦਾਂਤ ਤੇ ਗੁਰਇਤਿਹਾਸ ਦੇ ਗਿਆਤਾ ਬਣ ਗਏ। ਸੰਤ ਰਾਮ ਸਿੰਘ ਜੀ ਜੋ ਸੂਸਾਂ ਵਾਲੇ ਕਰਕੇ ਜਾਣੇ ਜਾਂਦੇ ਸਨ। ਆਪਣੇ ਸਮੇਂ ਦੇ ਮਹਾਨ ਵਿਦਵਾਨ, ਯੋਗ ਸ਼ਾਸ਼ਤਰੀ ਤੇ ਵੇਦਾਂਤੀ ਸਨ। ਸੋ ਉਨ੍ਹਾਂ ਨੇ ਆਪਣੇ ਵੱਲੋਂ ਗਿਆਨ ਦੇਣ ਉਪਰੰਤ ਇਨ੍ਹਾਂ ਦੀ ਪ੍ਰਭੂ ਭਗਤੀ ਵਿੱਚ ਲਿਵਲੀਣਤਾ, ਪ੍ਰਭੂ ਪ੍ਰੇਮ ਤੇ ਅਥਾਹ ਭਗਤੀ ਅਵਸਥਾ ਨੂੰ ਤੱਕ ਕੇ ਇਨ੍ਹਾਂ ਦਾ ਨਾਮ ਨਿਹਾਲ ਸਿੰਘ ਤੋਂ ਬਦਲ ਕੇ ਹਰਿਨਾਮ ਸਿੰਘ ਰੱਖ ਦਿੱਤਾ। ਆਪਣੇ ਵੱਲੋਂ ਪੂਰਨ ਸਿੱਖਿਆ ਦੇਣ ਉਪਰੰਤ ਆਪ ਜੀ ਨੂੰ ਸੰਤ ਮੱਲ ਸਿੰਘ ਜੀ ਨਿੱਝਰਾਂ ਦੀ ਪੰਡੋਰੀ ਵਿਖੇ ਭੇਜ ਦਿੱਤਾ। ਇੱਥੇ ਰਹਿੰਦਿਆਂ ਆਪ ਜੀ ਨੇ ਪ੍ਰਮਾਰਥ ਦੀ ਵਿੱਦਿਆ ਪੂਰੀ ਕੀਤੀ ਤੇ ਬਹੁਤਾ ਸਮਾਂ ਭਗਤੀ, ਗੁਰਬਾਣੀ ਪਾਠ ਤੇ ਨਾਮ ਸਿਮਰਨ ਵਿੱਚ ਹੀ ਬਤੀਤ ਕਰਦੇ। ਆਉਣ ਜਾਣ ਵਾਲੀ ਸੰਗਤ ਤੇ ਹੋਰ ਮਹਾਂਪੁਰਸ਼ ਜਦੋਂ ਵੀ ਆਪ ਵੱਲ ਤੱਕਦੇ ਤਾਂ ਆਪ ਇੱਕ ਰਸ, ਇਕਾਂਤ ਵਿੱਚ ਬੈਠੇ ਪ੍ਰਭੂ ਭਗਤੀ ਵਿੱਚ ਲੀਨ ਹੀ ਵਿਖਾਈ ਦਿੰਦੇ।

***"ਹਰਿ ਭਗਤਿ ਹਰਿ ਕਾ ਪਿਆਰ ਹੈ***
***ਜੇ ਗੁਰਮੁਖਿ ਕਰੇ ਬੀਚਾਰ॥ (੨੮)***

***"ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ॥***
***ਵਿਚਹੁ ਆਪੁ ਗਇਆ***
***ਨਾਉ ਮੰਨਿਆ ਸਚਿ ਮਿਲਾਵਾ ਹੋਇ॥ (੪੨੯)***
***ਭਗਤਾ ਕੀ ਚਾਲ ਨਿਰਾਲੀ,***
***ਚਾਲਾ ਨਿਰਾਲੀ ਭਗਤਾਹ ਕੇਰੀ***
***ਬਿਖਮ ਮਾਰਗਿ ਚਲਣਾ॥ (੯੧੮)***

ਆਪ ਜੀ ਨੂੰ ਪਤਾ ਸੀ ਕਿ ਭਗਤੀ ਕਰਨ ਲਈ ਨਿਮਰਤਾ ਤੇ ਗਰੀਬੀ ਦੀ ਲੋੜ ਹੈ। ਮਨ ਨੀਵਾਂ ਤੇ ਮੱਤ ਉੱਚੀ ਹੋਣੀ ਚਾਹੀਦੀ ਹੈ। ਦੁਨਿਆਵੀ ਚਤਰਾਈਆਂ, ਸਿਆਣਪਾਂ, ਵਡਿਆਈਆਂ ਤੇ ਇੱਜ਼ਤਾਂ ਕਿਸੇ ਕੰਮ ਨਹੀਂ। ਪ੍ਰਭੂ ਨਾਲ ਅਭੇਦਤਾ ਦਾ ਮਾਰਗ ਤਾਂ ਕੇਵਲ ਪ੍ਰੇਮਾ ਭਗਤੀ ਹੀ ਹੈ। ਭਗਤੀ ਨਾਲ ਹੀ ਭਵ ਸਾਗਰ ਤੋਂ ਪਾਰ ਹੋਈਦਾ ਹੈ। ਭਗਤੀ ਮਨੁੱਖੀ ਜੀਵਨ ਦਾ ਅਸਲ ਮਨੋਰਥ ਹੈ। ਜਿਸ ਤਰ੍ਹਾਂ ਭਗਤ ਧ੍ਰੂ, ਪ੍ਰਹਿਲਾਦ, ਕਬੀਰ, ਨਾਮਦੇਵ, ਰਵਿਦਾਸ ਦੇ ਨਾਮ ਦੁਨੀਆਂ ਤੇ ਅਟੱਲ ਹਨ। ਇਸੇ ਤਰ੍ਹਾਂ ਅਟੱਲ ਪਦਵੀ ਹਰ ਭਗਤ ਨੂੰ ਪ੍ਰਾਪਤ ਹੁੰਦੀ ਹੈ। ਜੋ ਪ੍ਰਭੂ ਦੀ ਨਿਸ਼ਕਾਮ ਭਗਤੀ ਕਰਦਾ ਹੈ। ਪਰ ਇਹ ਭਗਤੀ ਸਾਧ ਸੰਗਤ ਦੀ ਸੇਵਾ ਔਰ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦੀ ਹੈ ਨਾਮ ਜਪਦਿਆਂ ਸੇਵਾ ਕਰਦਿਆਂ ਮਨ ਪਵਿੱਤਰ ਹੋ ਜਾਂਦਾ ਹੈ। ਦਿਲ ਵਿੱਚ ਗਰੀਬੀ ਤੇ ਨਿਮਰਤਾ ਆ ਵਸਦੀ ਹੈ। ਕਾਮ,

ਕ੍ਰੋਧ, ਲੋਭ, ਮੋਹ ਤੇ ਹੰਕਾਰ ਦੂਰ ਹੋ ਜਾਂਦੇ ਹਨ। ਉਹ ਆਪ ਹੀ ਨਹੀਂ ਤਰਦਾ ਸਗਲੀ ਕੁਲ ਨੂੰ ਤਾਰ ਲੈਂਦਾ ਹੈ।

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥*

*ਨਾਨਕ ਤਿਸੁ ਜਨ ਕਉ, ਸਦਾ ਨਮਸਕਾਰ॥ (੨੯੫)*

ਇੱਥੇ ਰਹਿੰਦਿਆਂ ਭਗਤੀ ਦੇ ਨਾਲ ਨਾਲ ਆਪ ਜੀ ਨੇ ਸਾਧ ਸੰਗਤ ਦੀ ਸੇਵਾ, ਸਤਿਸੰਗਤ ਦਾ ਲਾਹਾ ਵੀ ਪ੍ਰਾਪਤ ਕੀਤਾ ਜਿਹਾ ਕਿ -

*ਵਿਚ ਦੁਨੀਆ ਸੇਵ ਕਮਾਈਐ॥*

*ਤਾ ਦਰਗਹ ਬੈਸਣੁ ਪਾਈਐ॥*

*ਕਹੁ ਨਾਨਕ ਬਾਹ ਲੁਡਾਈਐ॥ (੨੬)*

ਸੇਵਾ ਤੇ ਸਿਮਰਨ ਦੀ ਹਰ ਧਰਮ ਵਿੱਚ ਬਹੁਤ ਚਰਚਾ ਹੈ। ਸੇਵਾ ਤਨ, ਮਨ ਤੇ ਧਨ ਨਾਲ ਕੀਤੇ ਜਾਣ ਵਾਲਾ ਉਹ ਕਰਮ ਹੈ। ਜੋ ਮਨੁੱਖ ਨੂੰ ਧਰਮ ਜਾਤ, ਪਾਤ, ਊਚ ਨੀਚ ਤੋਂ ਉੱਪਰ ਉਠਾ ਕੇ ਮਨੁੱਖਤਾ ਨਾਲ ਜੋੜਦਾ ਹੈ। ਸੇਵਾ ਕਰਦਿਆਂ ਮਨੁੱਖ ਦੇ ਅੰਦਰ ਨਿਮਰਤਾ, ਦਬਾਅ, ਸੱਚ ਦੇ ਗੁਣ ਆਪ ਮੁਹਾਰੇ ਪ੍ਰਵੇਸ਼ ਕਰ ਜਾਂਦੇ ਹਨ। ਇਹੋ ਗੁਣ ਮਨੁੱਖ ਨੂੰ ਮੋਹ, ਮਮਤਾ ਤੋਂ ਉੱਪਰ ਉਠਾ ਕੇ ਭਵ ਸਾਗਰ ਤੋਂ ਪਾਰ ਕਰਨ ਵਿੱਚ ਸਹਾਈ ਹੁੰਦੇ ਹਨ।

*ਨਿਹ ਕਪਟ ਸੇਵਾ ਕੀਜੈ ਹਰਿ ਕੇਰੀ*

*ਤਾ ਮੇਰੇ ਮਨ ਸਰਬ ਸੁਖ ਪਈਐ॥ (੯੬੨)*

*ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥*

*ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥*

(੨੭)

ਸੇਵਾ ਤੇ ਸਿਮਰਨ ਹੀ ਮਨੁੱਖ ਨੂੰ ਲੋਕ ਅਤੇ ਪ੍ਰਲੋਕ ਸਧਾਰਨ ਵਿੱਚ ਸਹਾਇਕ ਹੁੰਦੇ ਹਨ। ਸਿਮਰਨ ਅਸੀਂ ਇੱਕ ਅਕਾਲ ਪੁਰਖ ਦਾ ਕਰਨਾ ਹੈ। ਪਰ ਉਸ ਦੇ ਨਾਂ ਅਨੇਕ ਹੋ ਸਕਦੇ ਹਨ। ਸੇਵਾ ਅਸੀਂ ਮਨੁੱਖ ਮਾਤਰ ਦੀ ਸਾਧੂ ਮਹਾਤਮਾ ਦੀ ਗੁਰੂ ਰੂਪ ਸਮਝ ਕੇ ਕਰਦੇ ਹਾਂ। ਸੇਵਾ ਤੇ ਸਿਮਰਨ ਕਰਦਿਆਂ ਮਨੁੱਖ ਦੇ ਅੰਦਰ ਇੱਕ ਅਦੁੱਤੀ ਨਿਖਾਰ ਆ ਜਾਂਦਾ ਹੈ ਉਸਦਾ ਮਨ ਨਿਰਮਲ ਤੇ ਪਵਿੱਤਰ ਹੋ ਜਾਂਦਾ ਹੈ ਗੁਰੂ ਇਤਿਹਾਸ ਵਿੱਚ ਲੱਗਭੱਗ ਸਾਰੇ ਹੀ ਗੁਰੂ ਸਾਹਿਬਾਨਾਂ ਨੂੰ ਸੇਵਾ ਤੇ ਸਿਮਰਨ ਉਪਰੰਤ ਹੀ ਗੁਰੂ ਗੱਦੀ ਹਾਸਲ ਹੋਈ ਤੇ ਫਿਰ ਭਾਈ ਘਨ੍ਹਈਆ ਤੇ ਹੋਰ ਅਨੇਕਾਂ ਮਹਾਂਪੁਰਸ਼ਾਂ ਦੇ ਜੀਵਨ ਸਾਹਮਣੇ ਹਨ। ਜਿੰਨਾਂ ਨੇ ਸੇਵਾ ਦੇ ਕਾਰਜ ਨਿਭਾਉਂਦਿਆਂ ਜਨਮ ਮਰਨ ਤੋਂ ਛੁਟਕਾਰਾ ਪਾਇਆ ਨਿਰੰਕਾਰ ਪਾਤਸ਼ਾਹ ਦੇ ਚਰਨ ਨਾਲ ਅਭੇਦ ਹੋਣ ਦਾ ਸਫਲ ਤਰੀਕਾ ਨਿਸ਼ਕਾਮ ਸੇਵਾ ਅਤੇ ਸ਼ਰਧਾ ਨਾਲ ਕੀਤਾ ਪ੍ਰਭੂ ਸਿਮਰਨ ਸਹੀ ਹੈ।

ਹੁਣ ਸੰਤ ਮੱਲ ਸਿੰਘ ਜੀ ਪਾਸ ਰਹਿੰਦਿਆਂ ਆਪ ਜੀ ਦੀ ਅਜਿਹੀ ਅਵਸਥਾ ਬਣ ਗਈ ਕਿ ਆਪ ਜੀ ਪੰਚ ਦੋਖ ਤੋਂ ਰਹਿਤ, ਤਿੰਨੇ ਤਾਪਾਂ ਤੋਂ ਮੁਕਤ, ਗਿਆਨ ਦੀਆਂ ਸੱਤੇ ਭੂਮਿਕਾਵਾਂ ਤੇ ਅਵਸਥਾਵਾਂ ਵਿੱਚ ਵਿਚਰਨ ਵਾਲੇ, ਤ੍ਰੈ ਗੁਣ ਅਤੀਤ ਬਣ ਗਏ। ਆਪ ਜੀ ਸੇਵਾ ਅਤੇ ਸਿਮਰਨ ਕਰਦੇ ਹੋਏ ਵੀ ਗਿਆਨ ਪ੍ਰਧਾਨ, ਕਰਮ ਪ੍ਰਧਾਨ ਅਤੇ ਲਿਵਲੀਨ ਪ੍ਰਧਾਨ ਦੀ ਅਵਸਥਾ ਨੂੰ ਪਾਰ ਕਰ ਗਏ। ਆਪ ਜੀ ਨੇ ਇੱਥੇ ਰਹਿੰਦਿਆਂ ਗੁਰਬਾਣੀ ਨੂੰ ਮਾਨਿਆ, ਗੁਰਮਤਿ ਨੂੰ ਜਾਨਿਆ ਤੇ ਭਗਤੀ ਦੇ ਪ੍ਰੇਮ ਆਨੰਦ ਨੂੰ ਚੱਖਿਆ। ਅਜਿਹੇ ਮਹਾਂਪੁਰਸ਼ਾਂ ਬਾਰੇ ਗੁਰਬਾਣੀ ਦਾ ਫੁਰਮਾਨ ਹੈ -

*"ਭਗਤਿ ਕਰਹਿ ਮਰ ਜੀਵੜੇ*

*ਗੁਰਮੁਖਿ ਭਗਤਿ ਸਦਾ ਹੋਇ॥*

*ਓਨਾ ਕਉ ਧੁਰਿ ਭਗਤਿ ਖਜ਼ਾਨਾ ਬਖਸ਼ਿਆ*

*ਮੇਟਿ ਨ ਸਕੈ ਕੋਇ॥*

*ਗੁਣ ਨਿਧਾਨੁ ਮਨਿ ਪਾਇਆ*

*ਏਕੋ ਸਚਾ ਸੋਇ॥*

*ਨਾਨਕ ਗੁਰਮੁਖਿ ਮਿਲਿ ਰਹੇ*

*ਫਿਰਿ ਵਿਛੋੜਾ ਕਦੇ ਨ ਹੋਇ॥ (੫੮੯)*

*ਸਤਿ ਸੰਤੋਖ ਦਯਾ ਧਰਮ ਨਾਮ ਦਾਨ ਇਸ਼ਨਾਨ ਦ੍ਰਿੜਾਯਾ॥*

*ਗੁਰਸਖਿ ਲੈ ਗੁਰਸਿਖ ਸਦਾਯਾ॥*

ਇੱਥੋਂ ਗਿਆਨ ਪ੍ਰਾਪਤ ਕਰਨ ਉਪਰੰਤ ਆਪ ਜੀ ਸੰਤ ਬਾਬਾ ਮੱਲ ਸਿੰਘ ਜੀ ਪਾਸੋਂ ਵਿਦਾਇਗੀ ਲੈ ਕੇ ਦੇਸ ਰਟਨ ਲਈ ਤੁਰ ਪਏ। ਸਭ ਤੋਂ ਪਹਿਲਾਂ ਆਪ ਗੁਰੂ ਕੀ ਨਗਰੀ ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਇੱਥੇ ਕਈ ਸਾਲ ਰਹਿ ਕੇ ਆਪ ਜੀ ਨੇ ਅੰਮ੍ਰਿਤਸਰ ਦੇ ਦਰਸਨ ਇਸਨਾਨ ਕਰੇ, ਬਹੁਤ ਸਾਰੇ ਸੰਤ ਮਹਾਂਪੁਰਸ਼ਾਂ ਨਾਲ ਮਿਲਾਪ ਕੀਤਾ ਤੇ 7 ਲੱਖ 25 ਹਜ਼ਾਰ ਜਪੁਜੀ ਸਾਹਿਬ ਦੇ ਪਾਠ ਕੀਤੇ। ਇੱਥੋਂ ਆਪ ਜੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਤੇ ਅੰਬਾਲਾ, ਜਗਾਧਰੀ ਹੁੰਦੇ ਹੋਏ ਪਹਿਲਾਂ "ਬਦਰੀ ਨਾਥ ਤੇ ਫਿਰ ਰਿਸ਼ੀਕੇਸ਼ ਗਏ। ਇੱਥੋਂ ਆਪ ਜੀ ਨੇ ਹਿੰਦੂ ਮਤ ਦੇ ਧਰਮ ਗਰੰਥਾਂ ਤੇ ਮਹਾਂਪੁਰਸ਼ਾਂ ਦੀ ਸਤਿਸੰਗਤ ਦਾ ਖੂਬ ਲਾਹਾ ਖੱਟਿਆ। ਆਪ ਜੀ ਹੇਮਕੁੰਟ ਦੇ ਨੇੜੇ ਤੇੜੇ ਸਨ। ਅਚਾਨਕ ਘਰ ਵਿੱਚ ਮਾਤਾ ਜੀ ਬੀਮਾਰ ਹੋ ਗਏ। ਆਪ ਜੀ ਨੂੰ ਯਾਦ ਕਰ ਰਹੇ ਸਨ। ਉਹਨਾਂ ਦੀ ਖਿੱਚ ਕਾਰਨ ਘਰ ਆਇ। ਮਾਤਾ ਜੀ ਨੂੰ ਦੱਸਿਆ ਕਿ ਮਸਤਾਨਾ ਆਇਆ ਹੈ ਮਾਤਾ ਜੀ ਨੇ ਅੱਖਾਂ ਖੋਲ ਕੇ ਤੱਕਿਆ ਤੇ ਨਾਲ ਹੀ ਸਰੀਰ ਤਿਆਗ ਕੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਏ। ਮਾਤਾ ਜੀ ਦੇ ਸਾਰੇ ਅੰਤਮ ਸੰਸਕਾਰ ਕਰਨ ਤੋਂ ਬਾਅਦ, ਆਪ ਘਰ ਪ੍ਰਵਾਰ ਦੀ ਸਾਰੀ ਜ਼ੁੰਮੇਵਾਰੀ ਤੋਂ ਸਦਾ ਲਈ ਮੁਕਤ ਹੋ ਕੇ ਨਿੱਕਲ ਪਏ।

ਹੁਣ ਆਪ ਜੀ ਨਿਰੰਕਾਰ ਪਾਤਸ਼ਾਹ ਦੇ ਹੁਕਮ ਅਨੁਸਾਰ ਜਗਤ ਦੇ ਦੁੱਖਾਂ ਕਸ਼ਟਾਂ ਦੀ ਨਵਿਰਤੀ ਲਈ ਚੱਲ ਪਏ। ਮੋਹ-ਮਮਤਾ ਤੇ ਸਾਕ ਸੰਬੰਧੀਆਂ ਤੋਂ ਉੱਪਰ ਉੱਠ ਖੜੋਏ।

***ਚਿੰਤ ਅਚਿੰਤਾ ਸਗਲੀ ਗਈ॥***

***ਪ੍ਰਭ ਨਾਨਕ ਨਾਨਕ ਨਾਨਕ ਮਈ॥ (੧੧੫੭)***

***ਜੀਅ ਦਾਨ ਦੇ ਭਗਤੀ ਲਾਇਨਿ***

***ਹਰਿ ਸਿਉ ਲੈਨਿ ਮਿਲਾਏ॥ (੭੪੯)***

ਦੇ ਮਹਾਂ ਵਾਕ ਅਨੁਸਾਰ ਹੁਣ ਆਪ ਜੀ ਨੇ ਭਵਿੱਖਤ ਸਮਾਂ ਵਿਚਾਰ ਕੇ ਇਲਾਕੇ ਦੀਆਂ ਸੰਗਤਾਂ ਨੂੰ ਦਰਸ਼ਨ ਦੇਣੇ ਸ਼ੁਰੂ ਕਰ ਦਿੱਤੇ। ਆਪ ਜੀ ਦਾ ਸੁਭਾਅ ਨਿਰਭਉ, ਨਿਰਵੈਰ ਤੇ ਸਰਬੱਤ ਦੇ ਭਲੇ ਵਾਲਾ ਸੀ, ਵਾਹਿਗੁਰੂ ਜੀ ਦੀ ਰਜ਼ਾ ਵਿੱਚ ਵਿਚਰਦੇ। ਕਿਸੇ ਰਾਜਨੀਤਕ ਜਾਂ ਸਮਾਜਿਕ ਨੇਤਾ ਜਾਂ ਵਿਅਕਤੀ ਦਾ ਕਦੇ ਦਬਾਉ ਨਹੀਂ ਸਨ ਮੰਨਦੇ। ਆਪ ਜੀ ਦੀ ਆਤਮਿਕ ਸ਼ਕਤੀ, ਅੰਤਰਯਾਮਤਾ, ਪਰਉਪਕਾਰਤਾ ਤੇ ਅਨੁਭਵੀ ਸ਼ਖਸੀਅਤ ਨੂੰ ਆਮ ਮਨੁੱਖ ਲਈ ਸਮਝਣਾ ਅਸੰਭਵ ਸੀ। ਆਪ ਜੀ ਦੇ ਚਿਹਰੇ ਦਾ ਪ੍ਰਭਾਵ ਤੇ ਗੰਭੀਰਤਾ ਅਜਿਹੀ ਸੀ ਕਿ ਕੋਈ ਵੀ ਵਿਅਕਤੀ ਇੰਨਾ ਦੇ ਸਾਹਮਣੇ ਅੱਖ ਉਠਾ ਕੇ ਨਹੀਂ ਸੀ ਦੇਖ ਸਕਦਾ। ਆਪ ਜੀ ਨੇ ਕਦੇ ਵੀ ਆਪਾ ਨਹੀਂ ਸੀ ਜਤਾਇਆ।

ਆਪ ਜੀ ਦਾ ਜੀਵਨ ਗੁਰਮਤਿ ਦੇ ਰੰਗ ਵਿੱਚ ਰੰਗਿਆ ਜਗਤ ਲਈ ਰੋਸ਼ਨ ਮੁਨਾਰਾ ਤੇ ਉੱਚੀ ਸੁੱਚੀ ਮਿਸਾਲ ਬਣ ਚੁੱਕਾ ਸੀ। ਆਪ ਜੀ ਦੀ ਵੱਡੀ-ਵਡਿਆਈ ਇਹੀ ਸੀ ਕਿ ਹਰ ਅਮੀਰ-ਗਰੀਬ, ਵੱਡੇ-ਛੋਟੇ, ਪੜ੍ਹੇ-ਅਨਪੜ੍ਹ ਆਦਿ ਸਭਨਾਂ ਨੂੰ ਸਚ ਦ੍ਰਿਸ਼ਟੀ ਨਾਲ ਤੱਕ ਕੇ ਗੁਰਮਤਿ ਮਾਰਗ ਉੱਪਰ ਚੱਲਣ ਦਾ ਉਪਦੇਸ਼ ਦਿੰਦੇ। ਸੱਚ, ਸੁੱਚ, ਨਿਮਰਤਾ ਤੇ ਗਰੀਬੀ ਦੇ ਮੁਅਜ਼ਮਾ ਬਣ ਕੇ ਅਣਗਿਣਤ ਸੰਗਤਾਂ ਨੂੰ ਗੁਰੂ ਘਰ ਦੇ ਸਿਧਾਂਤ ਤੇ ਉਪਦੇਸ਼ ਸਮਝਾਉਣ ਲੱਗੇ। ਆਪ ਜੀ ਦੀ ਇਸ ਬਿਰਤੀ ਨੂੰ ਤੱਕ ਦੇ ਕਿਹਾ ਜਾ ਸਕਦਾ ਹੈ ਕਿ

***"ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ॥***

***ਸੇਈ ਬਿਚਖਣ ਜੰਤ ਜਿੰਨੀ ਹਰਿ ਧਿਆਇਆ॥ (੬੫੨)***

ਜਿਹਾ ਕਿ ਨਿਰੰਕਾਰ ਦੇ ਭੇਜੇ ਹੋਏ ਸੰਤ ਭਗਤ ਮਹਾਂਪੁਰਸ਼ ਸਰਬੱਤ ਦੇ ਭਲੇ ਵਾਸਤੇ ਆਉਂਦੇ ਹਨ ਤੇ ਧਰਮ ਦੇ ਸੱਚੇ ਸੁੱਚੇ ਪ੍ਰਚਾਰ, ਜਗਤ ਜਲੰਦੇ ਨੂੰ ਠਾਰਨ ਤੇ ਦੁਖੀਆਂ ਦੇ ਲੋਕ-ਪ੍ਰਲੋਕ ਨੂੰ ਸੁਧਾਰਨ ਲਈ ਆਪਣਾ ਜੀਵਨ ਅਰਪਣ ਕਰ ਦਿੰਦੇ ਹਨ। ਅੱਜ ਬਾਬਾ ਮਹਾਂ ਹਰਿਨਾਮ ਸਿੰਘ ਜੀ ਭੀ ਇਸੇ ਆਸ਼ੇ ਨੂੰ ਲੈ ਕੇ ਚੱਲ ਪਏ।

ਆਪਣੇ ਪਿੰਡ ਤੋਂ ਚੱਲ ਕੇ ਬਾਬਾ ਜੀ ਪਿੰਡ ਜਗਰਾਵਾਂ ਪਹੁੰਚੇ, ਇਥੇ ਪੀਰ ਲੱਪੇ ਸ਼ਾਹ ਰਹਿੰਦਾ ਸੀ, ਉਸ ਨਾਲ ਗਿਆਨ ਗੋਸ਼ਟੀ ਕਰਕੇ ਪ੍ਰਮਾਰਥ ਦਾ ਰਸਤਾ ਦੱਸਿਆ। ਇੱਕ ਦੋ ਪਿੰਡਾਂ ਵਿੱਚ ਠਹਿਰ ਕਰਦੇ ਹੋਏ ਆਪਣੇ ਨਾਨਕੇ ਪਿੰਡ ਮੀਆਂ ਵਿੰਡ ਪਹੁੰਚੇ। ਆਪ ਜੀ ਭਾਵੇਂ ਹੁਣ ਤੱਕ ਨਿਰਮੋਹ ਤੇ 'ਘਰ ਹੀ ਮਹਿ ਉਦਾਸਾ' ਦੀ ਅਵਸਥਾ ਤੱਕ ਪਹੁੰਚ ਚੁੱਕੇ ਸਨ। ਫਿਰ ਵੀ ਇੱਥੇ ਆਪਣੇ ਨਾਨਾ ਕਾਹਨ ਸਿੰਘ, ਨਾਨੀ ਨੰਦ ਕੌਰ, ਮਾਮੇ ਮਹਿਤਾਬ ਸਿੰਘ ਤੇ ਗੁਲਾਬ ਸਿੰਘ ਅਤੇ ਹੋਰ ਰਿਸ਼ਤੇਦਾਰਾਂ ਨੂੰ ਮਿਲੇ। ਬਾਬਾ ਜੀ ਦਾ ਇਹ ਮਿਲਣਾ ਵੀ ਆਮ ਸੰਗਤਾਂ ਦੇ ਮਿਲਣ ਵਾਂਗ ਹੀ ਸੀ ਤੇ ਇਨ੍ਹਾਂ ਨੂੰ ਭੀ ਗੁਰੂ ਨਾਨਕ ਦੇ ਦਰ ਘਰ ਦੀ ਸੇਵਾ, ਪ੍ਰੀਤੀ ਤੇ ਸ਼ਰਧਾ ਭਾਵਨਾ ਦਾ ਉਪਦੇਸ਼ ਦਿੱਤਾ। ਦੱਸਿਆ ਕਿ ਸਾਨੂੰ ਮੋਹ ਮਮਤਾ ਤੋਂ ਉੱਪਰ ਉੱਠ ਕੇ ਪ੍ਰਭੂ ਭਗਤੀ ਕਰਨੀ ਚਾਹੀਦੀ ਹੈ, ਇਸੇ ਮਨੋਰਥ ਨੂੰ ਪੂਰਾ ਕਰਨ ਲਈ ਹੀ ਮਾਨਸ ਦੇਹ ਧਾਰਨ ਕੀਤੀ ਹੈ। ਇੱਥੇ ਕੁਝ ਦਿਨ ਰਹਿਕੇ ਬਾਬਾ ਜੀ ਨੇ ਪਿੰਡ ਵਾਸੀਆਂ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ ਜਿਹਾ ਕਿ :-

***ਹਉਮੈ ਮਮਤਾ ਮੋਹ ਛੁਟਾ ਜਾ ਸੰਗਿ ਮਿਲਿਆ ਸਾਧੇ॥***

*ਜਨੁ ਕਹੈ ਨਾਨਕੁ ਮਕਤੁ ਹੋਆ ਹਰਿ ਹਰਿ ਨਾਮੁ ਅਰਾਧੇ॥*

(੫੪੨)

*ਮੋਹੁ ਅਰੁ ਭਰਮੁ ਤਜਹੁ ਤੁਮ ਬੀਰ॥*
*ਸਾਚੁ ਨਾਮੁ ਰਿਦੇ ਰਵੈ ਸਰੀਰ॥੧॥ ਰਹਾਉ॥*

(੩੫੬)

ਮੋਹ ਰੂਪੀ ਚਿੱਕੜ ਵਿੱਚ ਫਸਣ ਤੋਂ ਬਚਣ ਦਾ ਇੱਕੋ ਇੱਕ ਉਪਾਅ ਪ੍ਰਭੂ ਸਿਮਰਨ ਹੈ। ਜੋ ਇਨਸਾਨ ਮੋਹ ਮਮਤਾ ਵਿੱਚ ਵਸਿਆ ਰਹਿੰਦਾ ਹੈ ਉਸਨੂੰ ਕਾਮ ਕ੍ਰੋਧ ਤੇ ਹੰਕਾਰ ਆ ਕੇ ਘੇਰਦੇ ਹਨ। ਇੰਨਾ ਦੇ ਜਾਲ ਵਿੱਚ ਫਸਿਆ ਮਨੁੱਖ ਕਦੀ ਵੀ ਚੁਰਾਸੀ ਲੱਖ ਜੂਨ ਤੋਂ ਛੁਟਕਾਰਾ ਨਹੀਂ ਪਾ ਸਕਦਾ। ਇਸ ਮਾਇਆ ਜਾਲ ਤੋਂ ਬਚਣ ਦਾ ਇੱਕੋ ਇੱਕ ਉਪਾਅ ਆਲਸ ਤੇ ਦਲਿੱਦਰ ਛੱਡ ਕੇ ਪ੍ਰਭੂ ਦਾ ਨਾਮ ਸਿਮਰਨਾ ਸੁਕ੍ਰਿਤ ਕਰਨੀ ਅਤੇ ਨੇਕ ਕਮਾਈ ਵਿੱਚ ਦਸਵੰਦ ਗੁਰੂ ਦੇ ਲੇਖੇ ਲਾਉਣਾ ਅਜਿਹਾ ਕਿ ਗੁਰੂ ਉਪਦੇਸ਼ ਹੈ ਕਿ :-

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥੧॥*

(੧੨੪੫)

ਧਰਮ ਦੀ ਕਮਾਈ ਕਰਦਿਆਂ ਤੇ ਸਿਮਰਨ ਕਰਦਿਆਂ ਮਨੁੱਖ ਨੂੰ ਪ੍ਰਭੂ ਦਾ ਮਿਲਾਪ ਹੁੰਦਾ ਹੈ ਤੇ ਉਸਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਚਿੰਤਾਵਾਂ ਖਤਮ ਹੋ ਜਾਂਦੀਆਂ ਹਨ। ਇਸ ਉੱਦਮ ਬਾਰੇ ਗੁਰੂ ਸਾਹਿਬ ਦਾ ਫੁਰਮਾਨ ਹੈ।

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥*

(੫੨੨)

ਇਸੇ ਪ੍ਰਕਾਰ ਸੇਵਾ ਤੇ ਸਿਮਰਨ ਦਾ ਉਪਦੇਸ਼ ਗੁਰਬਾਣੀ ਵਿੱਚ ਇਸ ਤਰ੍ਹਾਂ ਦੱਸਿਆ ਗਿਆ ਹੈ ਕਿ ਇਹ ਸੇਵਾ ਤੇ ਸਿਮਰਨ ਦਾ ਮੌਕਾ ਮਨੁੱਖ ਨੂੰ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ 'ਤੇ ਇਨਸਾਨ ਇਹ ਪਰਉਪਕਾਰੀ ਕਾਰਜ ਕਰਦਾ ਲੋਕ ਤੇ ਪ੍ਰਲੋਕ ਦੇ ਸੁੱਖਾਂ ਦੀ ਪ੍ਰਾਪਤੀ ਕਰਕੇ ਪਰਮਪਦ ਨੂੰ ਪ੍ਰਾਪਤ ਹੋ ਜਾਂਦਾ ਹੈ।

*ਉਦਮੁ ਕਰਹੁ ਵਡਭਾਗੀ ਹੋ ਸਿਮਰਹੁ ਹਰਿ ਹਰਿ ਰਾਇ॥*
*ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ,*
*ਦੁਖ ਦਰਦੁ ਭ੍ਰਮ ਜਾਇ॥ (੪੫੬)*

ਇੱਥੋਂ ਚੱਲ ਕੇ ਆਪ ਜੀ ਸੁਲਤਾਨਪੁਰ ਹੁੰਦੇ ਹੋਏ ਮੋਗੇ ਪਹੁੰਚੇ ਤੇ ਸ਼ਰਧਾਲੂ ਸਿੱਖ ਸੰਗਤਾਂ ਨੂੰ ਗੁਰੂ ਨਾਨਕ ਦੇ ਘਰ ਦੀ ਸ਼ੁਭ ਸਿੱਖਿਆ ਦਿੱਤੀ। ਫਿਰ ਪਿੰਡ ਸਿੰਘਾ ਵਾਲਾ ਗਏ ਤੇ ਇੱਥੋਂ ਦੇ ਸੰਤ ਮਿਹਰ ਸਿੰਘ ਨਾਲ ਵਿਚਾਰ ਗੋਸ਼ਟੀ ਕੀਤੀ। ਸੰਤਾਂ ਦੇ ਕਹਿਣ ਤੇ ਆਪ ਇੱਕ ਮਹੀਨਾ ਇੱਥੇ ਠਹਿਰੇ ਮਾਲਵੇ ਦੇ ਭਾਗ ਜਗਾਉਣ ਲਈ ਨਿਹਾਲ ਸਿੰਘ ਵਾਲਾ, ਹਠੂਰ, ਕਾਂਗੜ ਤੇ ਭਦੌੜ ਆਦਿ ਦਰਜਨਾਂ ਹੀ ਪਿੰਡਾਂ ਵਿੱਚ ਨਾਮ-ਬਾਣੀ ਦਾ ਅੰਮ੍ਰਿਤ ਮਈ ਛੱਟਾ ਮਾਰਦੇ ਹੋਏ ਬਰਨਾਲੇ ਪਹੁੰਚੇ।

***